# 18th meeting of Russia-India-China (RIC) Foreign Ministers

November 25, 2021

..........................................

## ਰੂਸ-ਭਾਰਤ-ਚੀਨ (RIC) ਦੇ ਵਿਦੇਸ਼ ਮੰਤਰੀਆਂ ਦੀ 18ਵੀਂ ਮੀਟਿੰਗ

**25 ਨਵੰਬਰ, 2021**

ਰੂਸੀ ਸੰਘ, ਭਾਰਤ ਗਣਰਾਜ ਅਤੇ ਚੀਨੀ ਲੋਕ ਗਣਰਾਜ ਦੇ ਵਿਦੇਸ਼ ਮੰਤਰੀਆਂ ਦੀ 18ਵੀਂ ਮੀਟਿੰਗ 26 ਨਵੰਬਰ, 2021 ਨੂੰ ਭਾਰਤ ਦੇ ਵਿਦੇਸ਼ ਮੰਤਰੀ, ਡਾ. ਐਸ ਜੈਸ਼ੰਕਰ ਦੀ ਪ੍ਰਧਾਨਗੀ ਹੇਠ ਡਿਜੀਟਲ ਵੀਡਿਓ ਕਾਂਫ੍ਰੈਂਸਿੰਗ ਰਾਹੀਂ ਹੋਵੇਗੀ। ਵਿਦੇਸ਼ ਮੰਤਰੀਆਂ ਵੱਲੋਂ ਮਹੱਤਵਪੂਰਨ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤੇ ਜਾਣ ਸਮੇਤ RIC ਤਿਕੋਣੇ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ 'ਤੇ ਚਰਚਾ ਕੀਤੇ ਜਾਣ ਦੀ ਉਮੀਦ ਹੈ।

ਭਾਰਤ ਨੇ ਸਤੰਬਰ, 2020 ਵਿੱਚ ਮਾਸਕੋ ਵਿਖੇ ਹੋਈ RIC ਦੇ ਵਿਦੇਸ਼ ਮੰਤਰੀਆਂ ਦੀ ਆਖਰੀ ਮੀਟਿੰਗ ਤੋਂ ਬਾਅਦ RIC ਦੀ ਪ੍ਰਧਾਨਗੀ ਸੰਭਾਲੀ ਸੀ। ਇਸ ਮੀਟਿੰਗ ਤੋਂ ਬਾਅਦ ਵਿਦੇਸ਼ ਮੰਤਰੀ ਇਕ ਸਾਲ ਲਈ RIC ਦੀ ਅਗਲੀ ਪ੍ਰਧਾਨਗੀ ਚੀਨੀ ਲੋਕ ਗਣਰਾਜ ਦੇ ਵਿਦੇਸ਼ ਮੰਤਰੀ ਨੂੰ ਸੌਂਪਣਗੇ।

ਨਵੀਂ ਦਿੱਲੀ
25 ਨਵੰਬਰ, 2021

DISCLAIMER: This is an approximate translation. The original is available in English on MEA's website and may be referred to as the official press release.